**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

ਵੱਲ : ਯਾਦ ਪੱਤਰ-2

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2017/ਐਮ.ਆਈ.ਐਸ./ਈਪੰਜਾਬਸਕੂਲ/੧277
ਮਿਤੀ : ਚੰਡੀਗੜ੍ਹ 30 ਅਗਸਤ, 2017

ਵਿਸ਼ਾ : **ਰੈਸ਼ਨੇਲਾਈਜੇਸ਼ਨ ਸਾਲ 2017-18 ਲਈ ਅਧਿਆਪਕਾਂ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ, ਕੰਮ ਕਰ ਰਹੇ ਅਧਿਆਪਕਾਂ ਦੀ ਜਾਣਕਾਰੀ, ਵਿਦਿਆਰਥੀਆਂ ਦੀ ਜਾਣਕਾਰੀ ਅਤੇ ਵਿਦਿਆਰਥੀਆਂ ਵਲੋਂ ਪੜ੍ਹੇ ਜਾਂਦੇ ਵਿਸ਼ਿਆਂ ਸਬੰਧੀ ਜਾਣਕਾਰੀ ਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕਰਨ ਸਬੰਧੀ।**

ਸਿੱਖਿਆ ਵਿਭਾਗ ਵਲੋਂ ਸਾਲ 2017-18 ਦੀ ਰੈਸ਼ਨੇਲਾਈਜੇਸ਼ਨ ਲਈ ਅਧਿਆਪਕਾਂ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ, ਕੰਮ ਕਰ ਰਹੇ ਅਧਿਆਪਕਾਂ ਦੀ ਜਾਣਕਾਰੀ, ਵਿਦਿਆਰਥੀਆਂ ਦੀ ਜਾਣਕਾਰੀ ਅਤੇ ਵਿਦਿਆਰਥੀਆਂ ਵਲੋਂ ਪੜ੍ਹੇ ਜਾਂਦੇ ਵਿਸ਼ਿਆਂ ਸਬੰਧੀ ਅੰਕੜੇ ਈਪੰਜਾਬਸਕੂਲ ਪੋਰਟਲ (www.epunjabschool.gov.in) ਤੋਂ ਲਏ ਜਾਣੇ ਹਨ। ਇਸ ਸਬੰਧੀ ਇਸ ਦਫਤਰ ਵਲੋਂ ਪਹਿਲਾਂ ਵੀ ਪੱਤਰ ਜਾਰੀ ਕਰਕੇ ਮਿਤੀ 20-08-2017 ਤੱਕ ਅਤੇ ਮਿਤੀ ਵਿਚ ਵਾਧਾ ਕਰਕੇ 25-08-2017 ਤੱਕ ਸਕੂਲ ਦੇ ਅੰਕੜੇ ਪੋਰਟਲ ਉੱਤੇ ਅਪਡੇਟ ਕਰਨ ਲਈ ਲਿਖਿਆ ਗਿਆ ਸੀ। ਪੋਰਟਲ ਉੱਤੇ ਸਕੂਲਾਂ ਦੀ ਪ੍ਰਗਤੀ ਦੇਖਣ ਤੋਂ ਪਤਾ ਚੱਲਦਾ ਹੈ ਕਿ ਬਹੁਤ ਸਾਰੇ ਸਕੂਲਾਂ ਵਲੋਂ ਅਜੇ ਤੱਕ ਵੀ ਪੋਰਟਲ ਉੱਤੇ ਅੰਕੜੇ ਅਪਡੇਟ ਨਹੀਂ ਕੀਤੇ ਗਏ ਹਨ। ਇਸ ਤੋਂ ਇਲਾਵਾ ਇਹ ਵੀ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਲੋਂ **ਅਧਿਆਪਕਾਂ ਦੀਆਂ ਮੰਜ਼ੂਰਸ਼ੁਦਾ ਅਸਾਮੀਆਂ ਅਤੇ ਵਿਦਿਆਰਥੀਆਂ ਵਲੋਂ ਪੜ੍ਹੇ ਜਾਂਦੇ ਵਿਸ਼ਿਆਂ ਸਬੰਧੀ ਅੰਕੜੇ ਪੋਰਟਲ** ਉੱਤੇ ਗਲਤ ਅਪਡੇਟ ਕੀਤੇ ਜਾ ਰਹੇ ਹਨ।

ਸਮੂਹ ਸਕੂਲ ਮੁਖੀਆਂ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਸਬੰਧੀ ਉਪਰੋਕਤ ਦਰਸਾਈ ਮੁਕੰਮਲ ਜਾਣਕਾਰੀ ਨੂੰ ਈਪੰਜਾਬਸਕੂਲ ਪੋਰਟਲ ਉੱਤੇ ਧਿਆਨ ਨਾਲ ਚੈੱਕ ਕਰ ਲੈਣ ਅਤੇ ਢੁਕਵੀਆਂ ਦਰੁਸਤੀਆਂ ਕਰ ਲੈਣ। *ਸਕੂਲਾਂ ਨੂੰ ਹੇਠ ਲਿਖੇ ਸ਼ਡਿਊਲ ਅਨੁਸਾਰ ਪੋਰਟਲ ਉੱਤੇ ਜਾਣਕਾਰੀ ਅਪਡੇਟ ਕਰਨ ਦਾ ਇੱਕ ਦਿਨ ਦਾ ਆਖਰੀ ਮੌਕਾ ਦਿੱਤਾ ਜਾ ਰਿਹਾ ਹੈ :-*

**ਜਿਲ੍ਹੇ ਜੋ ਮਿਤੀ 01-09-2017 ਨੂੰ ਜਾਣਕਾਰੀ ਪੋਰਟਲ ਉੱਤੇ ਅਪਡੇਟ ਕਰ ਸਕਦੇ ਹਨ :-**

Barnala, Bathinda, Faridkot, Fatehgarh Sahib, Fazilka, Ferozepur, Gurdaspur, Jalandhar, Ludhiana, Sangrur

**ਜਿਲ੍ਹੇ ਜੋ ਮਿਤੀ 04-09-2017 ਨੂੰ ਜਾਣਕਾਰੀ ਪੋਰਟਲ ਉੱਤੇ ਅਪਡੇਟ ਕਰ ਸਕਦੇ ਹਨ :-**

Amritsar, Hoshiarpur, Kapurthala, Mansa, Moga, Pathankot, Patiala, Roopnagar, SBS Nagar, SAS Nagar, Sri Mukatsar Sahib, Tarn Taran

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਇਸ ਕੰਮ ਦੀ ਮੋਨੀਟਰਿੰਗ ਕਰਕੇ ਸਮੇਂ ਸਿਰ ਮੁਕੰਮਲ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ :-**

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2) ਡੀ.ਪੀ.ਆਈ. (ਸੈ.ਸਿ.), ਪੰਜਾਬ
3) ਡੀ.ਪੀ.ਆਈ.(ਐ.ਸਿ.), ਪੰਜਾਬ

**ਸਕੱਤਰ ਸਕੂਲ ਸਿੱਖਿਆ, ਪੰਜਾਬ**